# ਅਮਰੀਕਾ ਤੇ ਮਨੁੱਖੀ ਹੱਕ

ਕੁਝ ਦਿਨ ਹੋਏ ਚੀਨ ਵਿਚ ਇਕ ਰਿਪੋਰਟ ਛਪੀ ਹੈ ਜਿਸ ਵਿਚ ਅਮਰੀਕਾ ਵਿਚ ਮਨੁੱਖੀ ਹੱਕਾਂ ਦੇ ਹਾਲ ਬਾਰੇ ਵਿਸਤਾਰ ਵਿਚ ਅੰਕੜੇ ਅਤੇ ਤੱਥ ਦਿਤੇ ਗਏ ਹਨ। ਇਸ ਰਿਪੋਰਟ ਦੀ ਖ਼ਾਸੀਅਤ ਇਹ ਹੈ ਕਿ ਇਸ ਵਿਚ ਦਿੱਤੇ ਗਏ ਸਾਰੇ ਤੱਥ ਅਤੇ ਅੰਕੜੇ ਅਮਰੀਕਨ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਵਲੋਂ ਛਾਪੀਆਂ ਹੋਈਆਂ ਰਿਪੋਰਟਾਂ ਵਿਚੋਂ ਹੀ ਲਏ ਗਏ ਹਨ। ਰਿਪੋਰਟ ਛਾਪਣ ਵਾਲੇ ਚੀਨੀ ਅਦਾਰੇ ਨੇ ਇਨ੍ਹਾਂ ਰਿਪੋਰਟਾਂ ਤੋਂ ਹੀ ਇਹ ਤੱਥ ਕੱਢ ਕੇ ਛਾਪੇ ਹਨ। ਅਮਰੀਕਾ ਵਿਚ ਰਹਿਣ ਵਾਲੇ ਲੋਕ ਤਾਂ ਸ਼ਾਇਦ ਇਨ੍ਹਾਂ ਰਿਪੋਰਟਾਂ ਤੋਂ ਜਾਣੂੰ ਹੀ ਹੋਣਗੇ ਪਰ ਆਲਮੀ ਅਤੇ ਇੰਟਰਨੈਸ਼ਨਲ ਪੱਧਰ ਤੇ ਇਹੋ ਜਿਹੀ ਰਿਪੋਰਟ ਸ਼ਾਇਦ ਪਹਿਲੀ ਬਾਰ ਹੀ ਛਪੀ ਹੈ। ਰਿਪੋਰਟ ਦੱਸਦੀ ਹੈ ਕਿ:

ਸੰਨ 2009 ਵਿਚ 43 ਲੱਖ ਲੋਕ  ਅਮਰੀਕਾ ਵਿਚ ਹਿੰਸਕ ਜੁਰਮਾਂ ਦੇ ਸ਼ਿਕਾਰ ਹੋਏ। ਡੇਡ਼੍ਹ ਕਰੋੜ ਤੋਂ ਵੀ ਜ਼ਿਆਦਾ ਜਾਇਦਾਦਾਂ ਦਾ ਮੁਜਰਮਾਂ ਨੇ ਨੁਕਸਾਨ ਕੀਤਾ। 2009 ਵਿਚ 22 ਫੀ ਸਦੀ ਹਿੰਸਾ ਦੀਆਂ ਵਾਰਦਾਤਾਂ ਵਿਚ ਹਥਿਆਰ ਵਰਤੇ ਗਏ ਸੀ ਅਤੇ ਤਕਰੀਬਨ 47 ਫੀ ਸਦੀ ਡਾਕਿਆਂ ਵਿਚ ਹਥਿਆਰਾਂ ਦੀ ਵਰਤੋਂ ਕੀਤੀ ਗਈ ਸੀ।
ਅਕਤੂਬਰ 2008 ਅਤੇ ਜੂਨ 2010 ਦੇ ਦੌਰਾਨ 6600 ਨਾਲੋਂ ਜ਼ਿਆਦਾ ਮੁਸਾਫ਼ਰਾਂ ਦੀ ਇਲੈਕਟ੍ਰਾਨਿਕ ਮਸ਼ੀਨਾਂ ਨਾਲ ਤਲਾਸ਼ੀ ਲਈ ਗਈ ਅਤੇ ਇਨ੍ਹਾਂ ਵਿਚ 50 ਫੀ ਸਦੀ ਮੁਸਾਫ਼ਰ ਅਮਰੀਕਨ ਸ਼ਹਿਰੀ ਸਨ।
2011 ਵਿਚ ਅਮਰੀਕਾ ਵਿਚ ਕੈਦੀਆਂ ਦੀ ਗਿਣਤੀ 17 ਲੱਖ ਹੋ ਜਾਵੇਗੀ ਜੋ ਕਿ ਦੁਨੀਆ ਦੇ ਮੁਲਕਾਂ ਵਿਚ ਸਾਰਿਆਂ ਨਾਲੋਂ ਜ਼ਿਆਦਾ ਹੈ। ਦੁਨੀਆ ਦੇ ਹੋਰ ਕਿਸੇ ਮੁਲਕ ਵਿਚ ਐਨੇ ਕੈਦੀ ਨਹੀਂ।

ਜੂਨ 2010 ਵਿਚ ਅਮਰੀਕਨ ਸਰਕਾਰ ਨੇ ਇਕ ਇਹੋ ਜਿਹਾ ਕਾਨੂੰਨ ਬਣਾਇਆ ਹੈ ਜਿਸ ਤਹਿਤ ਉਸਨੇ ਇੰਟਰਨੈੱਟ ਨੂੰ ਸਰਕਾਰੀ ਮਲਕੀਅਤ ਕਰਾਰ ਦੇ ਦਿਤਾ ਹੈ ਅਤੇ ਅਮਰੀਕਨ ਸਰਕਾਰ ਇਸ ਨੂੰ ਕਿਸੇ ਸਮੇਂ ਵੀ ਬੰਦ ਕਰ ਸਕਦੀ ਹੈ।

2009 ਵਿਚ 4 ਕਰੋੜ ਤੋਂ ਵੀ ਜ਼ਿਆਦਾ ਅਮਰੀਕਨ ਗਰੀਬੀ ਦੀ ਹਾਲਤ ਵਿਚ ਰਹਿ ਰਹੇ ਸਨ। ਗਰੀਬੀ ਦੀ ਦਰ 2009 ਵਿਚ 15 ਫੀ ਸਦੀ ਦੇ ਕਰੀਬ ਵੱਧ ਗਈ। ਸਨ 2009 ਵਿਚ 15 ਫੀ ਸਦੀ ਲੋਕਾਂ ਕੋਲ ਖਾਣ ਲਈ ਪੂਰੀ ਖ਼ੁਰਾਕ ਨਹੀਂ ਸੀ। 2009 ਵਿਚ ਬੇਘਰ ਲੋਕਾਂ ਦੀ ਗਿਣਤੀ 170,000 ਤੋਂ ਜ਼ਿਆਦਾ ਵੱਧ ਗਈ ਸੀ। ਸਨ 2009 ਵਿਚ 5 ਕਰੋੜ ਅਮਰੀਕਨ ਲੋਕਾਂ ਕੋਲ ਸਿਹਤ ਦਾ ਬੀਮਾ ਨਹੀਂ ਸੀ ਅਤੇ ਉਨ੍ਹਾਂ ਕੋਲ ਇਲਾਜ ਦਾ ਕੋਈ ਹੋਰ ਜ਼ਰੀਆ ਨਹੀਂ ਹੈ।

ਨਵੰਬਰ 2010 ਵਿਚ ਸਰਕਾਰੀ ਬੇਰੁਜ਼ਗਾਰੀ ਦੀ ਦਰ 10ਫੀ ਸਦੀ ਦੇ ਕਰੀਬ ਪਹੁੰਚ ਗਈ ਅਤੇ ਸਰਕਾਰੀ ਅੰਕੜਿਆਂ ਮੁਤਾਬਿਕ ਡੇਡ਼੍ਹ ਕਰੋੜ ਤੋਂ ਵੀ ਜ਼ਿਆਦਾ ਲੋਕ ਬੇਰੁਜ਼ਗਾਰ ਹਨ। ਕਾਲੇ ਔਫਰੋ-ਅਮਰੀਨ ਲੋਕਾਂ ਵਿਚ ਬੇਰੁਜ਼ਗਾਰੀ ਦੀ ਦਰ 30 ਫੀ ਸਦੀ ਦੇ ਕਰੀਬ ਹੈ ਅਤੇ ਏਸ਼ੀਅਨ ਲੋਕਾਂ ਵਿਚ 22 ਫੀ ਸਦੀ ਦੇ ਕਰੀਬ ਹੈ। ਸਨ 2009 ਵਿਚ ਤਕਰੀਬਨ 6000 ਦੇ ਕਰੀਬ ਤਅੱਸਬੀ ਅਤੇ ਨਸਲੀ ਹਮਲੇ ਲੋਕਾਂ ਤੇ ਕੀਤੇ ਗਏ। ਇਨ੍ਹਾਂ ਵਿਚੋਂ 1600 ਹਮਲੇ ਇਕ ਖ਼ਾਸ ਮਜ਼ਹਬ ਦੇ ਲੋਕਾਂ ਦੇ ਖ਼ਿਲਾਫ਼ ਸੀ।

90 ਫੀ ਸਦੀ ਅਮਰੀਕਨ ਔਰਤਾਂ ਨੂੰ ਕੰਮ ਤੇ ਸੈਕਸੂਅਲ ਵਿਤਕਰੇ ਸਾਮ੍ਹਣਾ ਕਰਨਾ ਪੈਂਦਾ ਹੈ। ਤਕਰੀਬਨ 2 ਕਰੋੜ ਔਰਤਾਂ ਰੇਪ ਅਤੇ ਜ਼ਬਰਦਸਤੀ ਦੀਆਂ ਹਰ ਸਾਲ ਸ਼ਿਕਾਰ ਹੁੰਦੀਆਂ ਹਨ। ਤਕਰੀਬਨ 25 ਫੀ ਸਦੀ ਬੱਚੇ ਗੁਰਬਤ ਦੇ ਮਾਰੇ ਹਨ। ਹਰ ਸਾਲ 30 ਲੱਖ ਤੋਂ ਵੀ ਜ਼ਿਆਦਾ ਬੱਚੇ ਜਬਰ ਅਤੇ ਤਸ਼ੱਦਦ ਦਾ ਸ਼ਿਕਾਰ ਹੁੰਦੇ ਹਨ। 93000 ਤੋਂ ਵੀ ਜ਼ਿਆਦਾ ਬੱਚੇ ਇਸ ਵੇਲੇ ਜੇਲ੍ਹਾਂ ਵਿਚ ਸੜ ਰਹੇ ਹਨ।

ਇਰਾਕ ਵਿਚ ਅਮਰੀਕਨ ਹਮਲਿਆਂ ਵਿਚ 109000 ਲੋਕ ਮਾਰੇ ਗਏ ਹਨ ਅਤੇ ਇਨ੍ਹਾਂ ਵਿਚ ਜ਼ਿਆਦਾ ਤਕਰੀਬਨ 75 ਫੀ ਸਦੀ ਆਮ ਸ਼ਹਿਰੀ ਹੀ ਹਨ। ਨਵੰਬਰ 5 2010 ਵਿਚ ਯੂ ਐਨ ਓ ਦੇ ਮਨੁੱਖੀ ਹੱਕਾਂ ਦੇ ਪਿਰੀਔਡਿਕ ਰੀਵਿਊ ਵਿਚ 60 ਮੁਲਕਾਂ ਨੇ 228 ਹਿਦਾਇਤਾਂ ਅਮਰੀਕਾ ਨੂੰ ਮਨੁੱਖੀ ਹੱਕਾਂ ਦੀ ਹਾਲਤ ਸੁਧਾਰਨ ਲਈ ਦਿੱਤੀਆਂ ਹਨ।